ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-2624673, ਫੈਕਸ ਨੰ: 2624687, ਈ-ਮੇਲ dgsepunjab18@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)ਪੰਜਾਬ (ਵੈਬ ਸਾਈਟ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)ਪੰਜਾਬ (ਵੈਬ ਸਾਈਟ ਰਾਹੀਂ)
ਸਮੂਹ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜਾਬ
ਸਮੂਹ ਸਕੂਲ ਮੁਖੀ ਸਰਕਾਰੀ ਹਾਈ ਸਕੂਲ/ਮਿਡਲ ਸਕੂਲ/ਪ੍ਰਾਇਮਰੀ ਸਕੂਲ ਪੰਜਾਬ।

ਮੀਮੋ ਨੰ: 2/126-2010/ਐਸ.ਐਸ.ਏ/ਲੀਗਲ/ 96049
ਮਿਤੀ,ਚੰਡੀਗੜ੍ਹ: 01.12.2012

ਵਿਸ਼ਾ: ਸਿੱਖਿਆ ਵਿਭਾਗ ਵਿੱਚ ਕੰਮ ਕਰਦੀਆਂ ਔਰਤ ਅਧਿਆਪਕਾਂ ਨਾਲ ਛੇੜ-ਛਾੜ ਦੀਆਂ ਘਟਨਾਵਾਂ ਨੂੰ ਰੋਕਣ ਬਾਰੇ।

1.0 ਉਕਤ ਵਿਸ਼ੇ ਸਬੰਧੀ ਇਹ ਵੇਖਣ ਵਿੱਚ ਆਇਆ ਹੈ ਕਿ ਸਿੱਖਿਆ ਵਿਭਾਗ ਵਿੱਚ ਵੱਡੀ ਗਿਣਤੀ ਵਿੱਚ ਅਧਿਆਪਕ ਔਰਤਾਂ ਹਨ। ਇਹਨਾਂ ਅਧਿਆਪਕਾਂ ਨੂੰ ਦੂਰ ਦੁਰਾਡੇ ਪਿੰਡਾਂ ਦੇ ਸਕੂਲਾਂ ਵਿੱਚ ਵੀ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਤਾਂ ਇਹ ਕਈ ਸਕੂਲਾਂ ਵਿੱਚ, ਖਾਸ ਕਰਕੇ ਪ੍ਰਾਇਮਰੀ ਸਕੂਲਾਂ ਵਿੱਚ, ਸਿੰਗਲ ਟੀਚਰ ਦੇ ਤੌਰ ਤੇ ਕੰਮ ਕਰ ਰਹੀਆਂ ਹਨ । ਇਹਨਾਂ ਔਰਤ ਅਧਿਆਪਕਾਂ ਨਾਲ ਸਕੂਲਾਂ / ਦਫਤਰਾਂ ਵਗੈਰਾ ਵਿੱਚ ਕਈ ਵਾਰ ਜਿਸਮਾਨੀ ਛੇੜ-ਛਾੜ ਜਾਂ ਮਾਨਸਿਕ ਰੂਪ ਵਿੱਚ ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਵਿਭਾਗ ਦੇ ਨੋਟਿਸ ਵਿੱਚ ਆਉਂਦੀਆਂ ਹਨ। ਅਜਿਹੀਆਂ ਘਟਨਾਵਾਂ ਸੱਭਿਅਕ ਸਮਾਜ ਤੇ ਕਲੰਕ ਹਨ ਅਤੇ ਇਹਨਾਂ ਨੂੰ ਬੜੀ ਸਖਤੀ ਨਾਲ ਰੋਕਣ ਦੀ ਲੋੜ ਹੈ। ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਪੰਜਾਬ ਦੇ ਸਿੱਖਿਆ ਵਿਭਾਗ ਵਿੱਚ ਜੋ ਧੀਆਂ ਭੈਣਾਂ ਬਤੌਰ ਅਧਿਆਪਕ ਕੰਮ ਕਰ ਰਹੀਆਂ ਹਨ ਉਹਨਾਂ ਦੀ ਸੁਰੱਖਿਆ ਦੀ ਸਮੁੱਚੀ ਜ਼ਿੰਮੇਵਾਰੀ ਸਰਕਾਰ ਅਤੇ ਸਮਾਜ ਦੀ ਹੈ । ਇਸ ਬਾਰੇ ਸਿੱਖਿਆ ਵਿਭਾਗ ਦੇ ਸਮੂਹ ਅਧਿਕਾਰੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਹਨਾਂ ਔਰਤ ਅਧਿਆਪਕਾਂ ਨਾਲ ਕਿਸੇ ਵੀ ਪੱਧਰ ਤੇ ਜਿਸਮਾਨੀ/ਮਾਨਸਿਕ ਛੇੜਖਾਨੀ/ਪ੍ਰੇਸ਼ਾਨੀ ਨੂੰ ਸਖਤੀ ਨਾਲ ਅਤੇ ਤੁਰੰਤ ਨਜਿੱਠਣ ਦੇ ਉਪਰਾਲੇ ਕਰਨ ।

2. ਜਿਥੋਂ ਤੱਕ ਸੰਭਵ ਹੋਵੇ ਇਹ ਦੇਖਿਆ ਜਾਵੇ ਕਿ ਦੂਰ ਦੁਰਾਡੇ ਸਕੂਲਾਂ ਵਿੱਚ ਔਰਤ ਅਧਿਆਪਕਾਂ ਦੀ ਡਿਊਟੀ ਨਾ ਲਗਾਈ ਜਾਵੇ। ਸਗੋਂ ਅਜਿਹੀਆਂ ਥਾਵਾਂ ਤੇ ਮਰਦ ਅਧਿਆਪਕਾਂ ਨੂੰ ਹੀ ਪਹਿਲ ਦੇ ਅਧਾਰ ਤੇ ਭੇਜਿਆ ਜਾਵੇ।

3. ਜਿਥੇ ਕਿਤੇ ਸਿੰਗਲ ਟੀਚਰ ਦੇ ਤੌਰ ਤੇ , ਖਾਸ ਕਰਕੇ ਪ੍ਰਾਇਮਰੀ ਸਕੂਲ ਵਿੱਚ, ਔਰਤ ਅਧਿਆਪਕਾਂ ਕੰਮ ਕਰਦੀਆਂ ਹਨ ਉਥੇ ਆਂਗਨਵਾੜੀ ਸੈਂਟਰ ਸਕੂਲ ਵਿੱਚ ਹੀ ਕੰਮ ਕਰਦੇ ਹੋਣੇ ਚਾਹੀਦੇ ਹਨ । ਜੇਕਰ ਇਹ ਸੈਂਟਰ ਸਕੂਲ ਵਿੱਚ ਕੰਮ ਨਹੀਂ ਕਰ ਰਹੇ ਤਾਂ ਪੰਚਾਇਤ ਨੂੰ ਬੇਨਤੀ ਕਰਕੇ ਇਸ ਸੈਂਟਰ ਨੂੰ ਸਕੂਲ ਵਿੱਚ ਜਗ੍ਹਾ ਦੇ ਕੇ ਸ਼ਿਫਟ ਕਰਵਾਇਆ ਜਾਵੇ ।

4. ਔਰਤ ਅਧਿਆਪਕਾਂ ਨੂੰ ਛੁੱਟੀ ਦੇ ਸਮੇਂ ਉਪਰੰਤ ਦੇਰੇ ਸਵੇਰੇ ਰਿਪੋਰਟ ਵਗੈਰਾ ਲੈਣ ਦੇਣ ਲਈ ਦਫਤਰ ਵਿੱਚ ਨਾ ਬੁਲਾਇਆ ਜਾਵੇ।

5. ਕਈ ਵਾਰ ਦੂਰ ਦੁਰਾਡੇ ਸਕੂਲਾਂ ਵਿੱਚ ਇਕ ਨੌਜਵਾਨ ਪੁਰਸ਼ ਅਧਿਆਪਕ ਤੇ ਇਕ ਨੌਜਵਾਨ ਇਸਤਰੀ ਅਧਿਆਪਕ ਨੂੰ ਲਗਾ ਦਿੱਤਾ ਜਾਂਦਾ ਹੈ ਜਿਥੇ ਕਿ ਛੇੜ-ਛਾੜ ਦੀਆਂ ਘਟਨਾਵਾਂ ਵਾਪਰਨ ਦੇ ਮੌਕੇ ਵੱਧ ਜਾਂਦੇ ਹਨ । ਇਸ ਲਈ ਜਿਥੇ ਤੱਕ ਹੋ ਸਕੇ ਇੱਕਲੀ ਇਸਤਰੀ ਅਧਿਆਪਕ ਨੂੰ ਕਿਸੇ ਸਕੂਲ ਵਿੱਚ ਪੋਸਟ ਨਾ ਕੀਤਾ ਜਾਵੇ ਸਗੋਂ ਘੱਟੋ ਘੱਟ 2 ਇਸਤਰੀ ਅਧਿਆਪਕਾਂ ਨੂੰ ਸਕੂਲ ਵਿੱਚ ਲਗਾਇਆ ਜਾਵੇ।

6. ਕਈ ਵਾਰ ਸਕੂਲ ਮੈਨੇਜਮੈਂਟ ਕਮੇਟੀ ਜਾਂ ਪੰਚਾਇਤ ਵਗੈਰਾ ਦੇ ਮੈਂਬਰ ਸਕੂਲਾਂ ਵਿੱਚ ਆ ਕੇ ਇੱਕਲੀ ਅਧਿਆਪਕ ਨਾਲ ਦੁਰਵਿਵਹਾਰ ਕਰਦੇ ਹਨ ਜਾਂ ਛੁੱਟੀ ਸਮੇਂ ਪਿੰਡਾਂ ਦੇ ਨੌਜਵਾਨ ਮੁੰਡੇ ਸਕੂਲਾਂ ਅੱਗੇ ਖੜੇ ਹੋ ਕੇ ਅਜਿਹੀਆਂ ਅਧਿਆਪਕਾਂ ਤੇ ਕੁਮੈਂਟਸ ਕੱਸਦੇ ਹਨ । ਇਸ ਨੂੰ ਰੋਕਣ ਲਈ ਸਮੂਹ ਬੀ.ਪੀ.ਈ.ਓਜ਼ ਸਾਹਿਬਾਨ ਦੀ ਜਿੰਮੇਵਾਰੀ ਹੈ ਕਿ ਉਹ ਆਪਣੇ ਆਪਣੇ ਬਲਾਕਾਂ ਵਿੱਚ ਅਜਿਹੇ ਸਕੂਲਾਂ ਦੀ ਪਛਾਣ ਕਰਨ ਅਤੇ ਅਜਿਹੇ ਸਕੂਲਾਂ ਵਿੱਚ ਜਾ ਕੇ ਸਕੂਲ ਮਨੇਜਮੈਂਟ ਕਮੇਟੀ ਦੀ ਮੀਟਿੰਗ ਬੁਲਾ ਕੇ ਮੈਂਬਰਾਂ ਨੂੰ ਅਜਿਹੇ ਅਧਿਆਪਕਾਂ ਦੀ ਪ੍ਰੇਸ਼ਾਨੀ ਬਾਰੇ ਦੱਸਣ ਅਤੇ ਪਿੰਡਾਂ ਦੇ ਲੋਕਾਂ ਤੋਂ ਸਹਿਯੋਗ ਦੀ ਮੰਗ ਕਰਨ ਅਤੇ ਖੁਦ ਵੀ ਛੁੱਟੀ ਸਮੇਂ ਆਪ ਅਜਿਹੇ ਸਕੂਲਾਂ ਵਿੱਚ ਗਾਹੇ ਬਿਗਾਹੇ ਜਾਂਦੇ ਰਹਿਣ।

7. ਵਿਭਾਗ ਦੇ ਬੀ.ਆਰ.ਪੀ/ਡੀ.ਆਰ.ਪੀ ਦੇ ਵਿਰੁੱਧ ਵੀ ਕਈ ਵਾਰ ਔਰਤ ਅਧਿਆਪਕਾਂ ਦੇ ਖਿਲਾਫ ਬਦਸਲੂਕੀ ਦੀਆਂ ਖਬਰਾਂ ਆਉਂਦੀਆਂ ਹਨ ਇਸ ਲਈ ਜਰੂਰੀ ਹੈ ਕਿ ਹਰੇਕ ਬੀ.ਆਰ.ਪੀ/ਡੀ.ਆਰ.ਪੀ ਸਕੂਲ ਵਿੱਚ ਜਾ ਕੇ ਵਿਜਿਟਰ ਬੁੱਕ ਤੇ ਹਸਤਾਖਰ ਕਰਕੇ ਆਵੇ। ਜੇਕਰ ਕੋਈ ਡੀ.ਆਰ.ਪੀ ਜਾਂ ਬੀ.ਆਰ.ਪੀ ਔਰਤ ਅਧਿਆਪਕਾਂ ਵਾਲੇ ਸਕੂਲ ਵਿੱਚ ਜਾਂਦੇ ਹਨ ਅਤੇ ਵਿਜਿਟਰ ਬੁੱਕ ਵਿੱਚ ਹਸਤਾਖਰ ਨਹੀਂ ਕਰਦੇ ਤਾਂ ਇਹ ਸਪਸ਼ਟ ਸਮਝਿਆ ਜਾਵੇਗਾ ਕਿ ਉਹ ਮਾੜੀ ਨੀਅਤ ਨਾਲ ਸਕੂਲ ਵਿੱਚ ਗਿਆ ਹੈ ।

8 ਔਰਤ ਅਧਿਆਪਕਾਂ ਨੂੰ ਤਾਕੀਦ ਕੀਤੀ ਜਾਂਦੀ ਹੈ ਕਿ ਉਹਨਾਂ ਨਾਲ ਜਦੋਂ ਵੀ ਕੋਈ ਜਿਸਮਾਨੀ / ਮਾਨਸਿਕ ਛੇੜ-ਛਾੜ ਹੁੰਦੀ ਹੈ ਤਾਂ ਇਸ ਬਾਰੇ ਤੁਰੰਤ ਸਬੰਧਤ ਇਸੰਪੈਕਸ਼ਨ ਟੀਮ, ਬੀ.ਪੀ.ਈ.ਓ ਜਾਂ ਡੀ.ਈ.ਓ ਜਾਂ ਮੁੱਖ ਦਫਤਰ ਦੇ ਨੋਟਿਸ ਵਿੱਚ ਲਿਆਉਣ। ਅਜਿਹੀਆਂ ਹਰਕਤਾਂ ਨੂੰ ਕਦਾਚਿਤ ਵੀ ਸਹਿਣ ਨਾ ਕੀਤਾ ਜਾਵੇ । ਅਜਿਹੀਆਂ ਹਰਕਤਾਂ ਨੂੰ ਸਹਿਣ ਕਰਨ ਦਾ ਮਤਲਬ ਗੈਰ ਸਮਾਜਿਕ ਅਨਸਰਾਂ ਨੂੰ ਸ਼ਹਿ ਦੇਣਾ ਹੁੰਦਾ ਹੈ।

9. ਹਰੇਕ ਬੀ.ਪੀ.ਈ.ਓ ਦਫਤਰ ਵਿੱਚ ਇਕ ਇਸਤਰੀ ਕਰਮਚਾਰੀ ਨੂੰ ਨੋਡਲ ਅਫਸਰ ਬਣਾਇਆ ਜਾਵੇ ਜਿਹੜੀ ਕਿ ਔਰਤ ਅਧਿਆਪਕਾਂ ਦੀਆਂ ਅਜਿਹੀਆਂ ਸ਼ਿਕਾਇਤਾਂ ਸੁਣੇਗੀ ਅਤੇ ਰਜਿਸਟਰ ਵਿੱਚ ਨੋਟ ਕਰੇਗੀ । ਇਸ ਕਰਮਚਾਰੀ ਪਾਸ ਜਦੋਂ ਵੀ ਕਿਸੇ ਔਰਤ ਅਧਿਆਪਕ ਦੀ ਜਿਸਮਾਨੀ/ਮਾਨਸਿਕ ਛੇੜ-ਛਾੜ ਬਾਰੇ ਕੋਈ ਸ਼ਿਕਾਇਤ ਆਵੇਗੀ ਤਾਂ ਉਹ ਇਸ ਬਾਰੇ ਤੁਰੰਤ ਰਜਿਸਟਰ ਵਿੱਚ ਨੋਟ ਕਰਨ ਉਪਰੰਤ ਸਬੰਧਤ ਡੀ.ਈ.ਓ ਅਤੇ ਡੀ.ਜੀ.ਐਸ.ਈ ਦਫਤਰੀ ਦੀ ਈ-ਮੇਲ dgsepunjab18@gmail.com ਤੇ ਨੋਟ ਕਰਵਾਉਣਗੇ । ਗੰਭੀਰ ਕੇਸ ਵਿੱਚ ਤੁਰੰਤ ਡੀ.ਈ.ਓ ਅਤੇ ਡੀ.ਜੀ.ਐਸ.ਈ ਨੂੰ ਟੈਲੀਫੋਨ ਤੇ ਘਟਨਾ ਦੀ ਜਾਣਕਾਰੀ ਦੇਣਗੇ। ਬੀ.ਪੀ.ਈ.ਓ ਦੇ ਪੱਧਰ ਤੇ ਇੱਕ ਪੰਜ ਮੈਂਬਰੀ ਕਮੇਟੀ ਬਣਾਈ ਜਾਵੇਗੀ ਜੋ ਕਿ ਅਜਿਹੀਆਂ ਸ਼ਿਕਾਇਤਾਂ ਦੀ ਇੰਨਕੁਆਰੀ ਕਰੇਗੀ ਇਸ ਕਮੇਟੀ ਵਿੱਚ ਘੱਟੋ-ਘੱਟ ਤਿੰਨ ਔਰਤ ਮੁਲਾਜਮ ਹੋਣਗੀਆਂ। ਇਸੇ ਤਰ੍ਹਾਂ ਜਿਲ੍ਹਾਂ ਸਿੱਖਿਆ ਅਫਸਰ ਦੇ ਪੱਧਰ ਤੇ ਵੀ ਇੱਕ ਪੰਜ ਮੈਂਬਰੀ ਕਮੇਟੀ ਉਕਤ ਦੱਸੇ ਤੱਥਾਂ ਅਨੁਸਾਰ ਬਣਾਈ ਜਾਵੇਗੀ। ਡੀ.ਜੀ.ਐਸ.ਈ ਦਫਤਰ ਵਿੱਚ ਸੈਕਸੁਅਲ ਹਰਾਸਮੈਂਟ ਸਬੰਧੀ ਕਮੇਟੀ

ਪਹਿਲਾਂ ਹੀ ਬਣਾਈ ਜਾ ਚੁੱਕੀ ਹੈ ਜਿਸ ਦੇ ਚੇਅਰਪਰਸਨ ਸ਼੍ਰੀਮਤੀ ਹਰਜੀਤ ਕੌਰ ਸੈਕਸ਼ਨ ਅਫਸਰ ਨੂੰ ਬਣਾਇਆ ਗਿਆ ਹੈ।

10. ਅਜਿਹੀ ਕਿਸੇ ਵੀ ਘਟਨਾ ਦੀ ਜਾਣਕਾਰੀ ਮਿਲਣ ਉਪਰੰਤ ਤੁਰੰਤ ਪੁਲਿਸ ਨੂੰ ਸਬੰਧਤ ਅਧਿਕਾਰੀ(ਬੀ.ਪੀ.ਈ.ਓ, ਡੀ.ਈ.ਓ,) ਵੱਲੋਂ ਕਾਰਵਾਈ ਕਰਨ ਲਈ ਕਿਹਾ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਅਜਿਹੇ ਅਨਸਰਾਂ ਨੂੰ ਤੁਰੰਤ ਗ੍ਰਿਫਤਾਰ ਕਰਵਾਇਆ ਜਾਵੇ।

11. ਇਥੇ ਇਹ ਵੀ ਦੱਸਿਆ ਜਾਂਦਾ ਹੈ ਭਾਰਤੀ ਦੰਡ ਕੋਡ ਦੀਆਂ ਹੇਠ ਲਿਖਿਤ ਧਾਰਾਵਾਂ ਅਨੁਸਾਰ ਜੇਕਰ ਕੋਈ ਵੀ ਅਨਸਰ ਕਿਸੇ ਵੀ ਔਰਤ ਨੂੰ ਤੰਗ ਕਰਦੇ ਹਨ ਤਾਂ ਇਸ ਬਾਰੇ ਹੇਠ ਲਿਖੇ ਅਨੁਸਾਰ ਪ੍ਰਾਵਧਾਨ ਹੈ:-

i) S-354-IPC- ਕਿਸੇ ਔਰਤ ਨਾਲ ਜੋਰ ਜਬਰਦਸਤੀ, ਛੇੜਛਾੜ ਆਦਿ ਕਰਨਾ , ਪ੍ਰੇਸ਼ਾਨ ਕਰਨਾ

ਸਜ਼ਾ- 2 ਸਾਲ ਜਾਂ ਜੁਰਮਾਨਾਂ ਜਾਂ ਦੋਨੋ ਸਜ਼ਾ ਤੇ ਜੁਰਮਾਨਾਂ

ii) S-376-IPC- ਰੇਪ (Rape) ਕਿਸੇ ਔਰਤ ਨਾਲ ਬਿਨਾਂ ਸਹਮਤੀ ਸਰੀਰਕ ਸਬੰਧ ਬਣਾਉਣਾ।

ਸਜ਼ਾ- 7 ਸਾਲ ਅਤੇ ਜੁਰਮਾਨਾ।

iii) S-376(2)(b) ਪਬਲਿਕ ਸਰਵੈਂਟ ਹੁੰਦੇ ਹੋਏ ਆਪਣੀ ਪੋਜੀਸ਼ਨ ਦਾ ਗਲਤ ਫਾਇਦਾ ਉਠਾਉਂਦੇ ਹੋਏ ਕਿਸੇ ਔਰਤ ਨਾਲ ਬਿਨਾਂ ਸਹਿਮਤੀ ਸਰੀਰਕ ਸਬੰਧ ਬਣਾਉਣਾ।

ਸਜ਼ਾ- 10 ਸਾਲ ਅਤੇ ਜੁਰਮਾਨਾ।

iv) S-493 IPC ਕਿਸੇ ਔਰਤ ਨੂੰ ਧੋਖੇ ਨਾਲ ਯਕੀਨ ਦੁਆ ਕੇ ਕਿ ਉਹ ਹੁਣ ਉਸਦੀ ਪਤਨੀ ਹੈ ਨਾਲ ਸਰੀਰਕ ਸਬੰਧ ਸਥਾਪਤ ਕਰਨਾ ।

ਸਜ਼ਾ- 10 ਸਾਲ ਜਾਂ ਜੁਰਮਾਨਾਂ ਜਾਂ ਦੋਨੋ ਸਜ਼ਾ ਤੇ ਜੁਰਮਾਨਾਂ।

v) S-509 IPC ਕਿਸੇ ਸ਼ਬਦ , ਇਸ਼ਾਰਾ ਜਾਂ ਕੋਈ ਕਾਰਜ਼ ਕਰਨਾ ਜਿਸ ਨਾਲ ਕਿਸੇ ਔਰਤ ਦੀ ਲੱਜਾ ਦਾ ਅਨਾਦਰ ਹੋਵੇ।

ਸਜ਼ਾ- 1 ਸਾਲ ਜਾਂ ਜੁਰਮਾਨਾਂ ਜਾਂ ਦੋਨੋ ਸਜ਼ਾ ਤੇ ਜੁਰਮਾਨਾਂ।

12. ਉਕਤ ਅਨੁਸਾਰ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ ਅਤੇ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਔਰਤ ਅਧਿਆਪਕ ਨੂੰ ਕਦੇ ਵੀ ਕੋਈ ਜਿਸਮਾਨੀ / ਮਾਨਸਿਕ ਛੇੜ-ਛਾੜ ਦਾ ਸਾਹਮਣਾ ਨਾ ਕਰਨਾਂ ਪਵੇ।

ਡੀ.ਜੀ.ਐਸ.ਈ-ਕਮ-ਸਕੱਤਰ ਸਕੂਲ ਸਿੱਖਿਆ